**CLASS : 10th (Secondary)** **Code No. 4210**

**Series : Sec. M/2019**

ਰੋਲ ਨੰ. | | | | | | | | | | |

***SET : A***

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **8** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



StudentSuvidha.com
downloaded from
NOTES and PAPERS at StudentSuvidha.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਹਰਨੂਰ ਦੇ ਬਸਤੇ ਵਿਚ 10 ਕਿਤਾਬਾਂ ਹਨ। ਵਾਕ ਵਿਚ 'ਬਸਤੇ' ਸ਼ਬਦ ਦਾ ਕਾਰਕ ਹੈ :

(ੳ) ਕਰਤਾ

(ਅ) ਅਪਾਦਾਨ

(ੲ) ਅਧਿਕਰਨ

(ਸ) ਸੰਪਰਦਾਨ

(ii) ਸੁਨੀਲ ਨੇ ਦੋ ਕਿਲੋ ਸੇਬ ਖਰੀਦੇ। ਵਾਕ ਵਿਚ 'ਸੇਬ' ਸ਼ਬਦ ਹੈ :

(ੳ) ਆਮ ਨਾਂਵ

(ਅ) ਖਾਸ ਨਾਂਵ

(ੲ) ਭਾਵ ਵਾਚਕ ਨਾਂਵ

(ਸ) ਵਸਤੁਵਾਚਕ ਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਦੁੱਧ (ਅ) ਕਵਿ

(ੲ) ਦੁਪੈਹਰ (ਸ) ਉਂਗਲ



downloaded from StudentSuvidha.com

.l NOTES and PAPERS at StudentSuvidha.com

(iv) ਗਰੀਬਾਂ ਰੱਖੇ ਰੋਜੇ, ਦਿਨ ........ ਆਏ। ਅਖਾਣ ਪੂਰੀ ਕਰੋ :

(ੳ) ਛੋਟੇ (ਅ) ਵੱਡੇ

(ੲ) ਠੰਡੇ (ਸ) ਗਰਮ

**2.** (i) ਚੰਗੇ ਲੋਕ ਸਭ ਦਾ ਭਲਾ ਕਰਦੇ ਹਨ। (ਨਾਂਹ ਵਾਚਕ ਵਾਕ ਬਣਾਓ) 1

(ii) ਸਵੇਰ ਦੀ ਸੈਰ ਦੇ ਲਾਭ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ) 1

(iii) ਸੁਰਜੀਤ <u>ਫੁੱਟਬਾਲ</u> ਖੇਡਦਾ ਹੈ। (ਲਕੀਰ ਸ਼ਬਦ ਦੀ ਪਦਵੰਡ ਕਰੋ) 1

(iv) 'ਹਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਪਿਤਾਮਾ ਹੈ ਪੰਜਾਬੀ ਨਾਵਲ ਦਾ ਨਾਨਕ ਸਿੰਘ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਉਸ ਨੇ ਦੱਸਿਆ ਮੈਂ ਬੀ ਏ ਕਰ ਲਈ ਹੈ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਟੈਂ ਨਾ ਮੰਨਣੀ

(ii) ਢਿੱਲ ਕਰਨਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਮਸਖਰੇ ਅੰਦਰੋਂ ਉਦਾਸ ਹੁੰਦੇ ਹਨ। ਵਾਸਤਵ ਵਿਚ ਉਹ ਇਸ ਲਈ ਹੱਸਦੇ ਰਹਿੰਦੇ ਹਨ ਕਿ ਕਿਧਰੇ ਰੋਣ ਨਾ ਨਿਕਲ ਆਵੇ। ਜੀਵਨ ਦਾ ਇਹ ਵੀ



downloaded from StudentSuvidha.com
...l NOTES and PAPERS at StudentSuvidha.com

ਇਕ ਢੰਗ ਹੈ। ਜਦੋਂ ਤੁਸੀਂ ਉਦਾਸ ਹੋ ਜਾਵੋ ਤਾਂ ਕਿਸੇ ਹਸਪਤਾਲ ਦਾ ਇਕ ਫੇਰਾ ਮਾਰੋ, ਤੁਹਾਡੇ ਮਨ ਦੀ ਹਾਲਤ ਬਦਲ ਜਾਵੇਗੀ। ਕੋਈ ਵੀ ਸਥਿਤੀ ਮਹੱਤਵਪੂਰਨ ਨਹੀਂ ਹੁੰਦੀ, ਉਸ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਮਹੱਤਵਪੂਰਨ ਹੁੰਦਾ ਹੈ। ਸਥਿਤੀਆਂ ਉਤੇ ਤੁਹਾਡਾ ਕਾਬੂ ਨਹੀਂ ਹੁੰਦਾ, ਪਰ ਉਨ੍ਹਾਂ ਵੱਲ ਦ੍ਰਿਸ਼ਟੀਕੋਣ ਉਤੇ ਤੁਹਾਡਾ ਕਾਬੂ ਹੁੰਦਾ ਹੈ। ਅਸੀਂ ਹਵਾ ਦਾ ਰੁੱਖ ਤਾਂ ਨਹੀਂ ਬਦਲ ਸਕਦੇ, ਪਰ ਅਸੀਂ ਆਪਣੇ ਬਾਦਬਾਨਾਂ ਨੂੰ ਨਵੀਂ ਵਿਉਂਤ ਦੇ ਸਕਦੇ ਹਾਂ। ਹਰ ਮੁਸ਼ਕਿਲ ਦੇ ਅੱਧ ਵਿਚ ਅਵਸਰ ਛੁਪਿਆ ਹੁੰਦਾ ਹੈ, ਹਰ ਮੁਸ਼ਕਿਲ ਦੇ ਅੱਧ ਤੋਂ ਅਵਸਰ ਸ਼ੁਰੂ ਹੁੰਦਾ ਹੈ।

(i) ਮਸਖਰੇ ਕਿਉਂ ਹੱਸਦੇ ਰਹਿੰਦੇ ਹਨ ? 2

(ii) ਜੀਵਨ ਵਿਚ ਉਦਾਸ ਹੋਣ 'ਤੇ ਕੀ ਕਰਨਾ ਚਾਹੀਦਾ ਹੈ ? 2

(iii) ਅਵਸਰ ਕਿੱਥੇ ਛੁਪਿਆ ਹੁੰਦਾ ਹੈ ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਨਾਨਕ ਦੇਵ ਜੀ

(ii) ਸਾਡੇ ਤਿਉਹਾਰ

(iii) ਵਿਦਿਆਰਥੀ ਜੀਵਨ

(iv) ਪਾਣੀ ਦਾ ਮਹੱਤਵ

(v) ਪਹਾੜਾਂ ਦੀ ਸੈਰ



downloaded from StudentSuvidha.com
OTES and PAPERS at StudentSuvidha.com

**8.** ਸ਼ਹਿਰ ਵਿਚ ਵਧ ਰਹੀ ਨਸ਼ਾਖੋਰੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ ਪੱਤਰ ਲਿਖੋ। 5

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਦਸਵੀਂ ਜਮਾਤ ਵਿਚ ਪੰਜਾਬੀ ਵਿਸ਼ਾ ਦਿੱਤੇ ਜਾਣ ਲਈ ਬੇਨਤੀ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ।।
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ।।
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ।।
ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ।।

**ਜਾਂ**

ਹੈ ਅਫ਼ਸੋਸ ਜੋ ਇਸ ਬੋਲੀ ਤੋਂ ਰੋਟੀ ਖਾਂਦੇ ਨੇ
ਉਹੀਓ ਆਪਣੇ ਘਰਾਂ 'ਚ ਇੰਗਲਿਸ਼ ਬੋਲੀ ਜਾਂਦੇ ਨੇ
ਨਾਸ਼ੁਕਰੇ, ਜੋ ਨਹੀਂ ਮੰਨਦੇ ਅਹਿਸਾਨ ਪੰਜਾਬੀ ਦਾ
ਜੱਗਾ ਜੱਗਾ ਕਹਿ ਉਠੋ, ਸਾਨੂੰ ਮਾਣ ਪੰਜਾਬੀ ਦਾ।

(ii) ਧੀ ਨੂੰ ਸਮਾਜ ਵਿਚ ਕੀ ਸਥਾਨ ਮਿਲ ਰਿਹਾ ਹੈ ? ਇਸ ਬਾਰੇ ਆਪਣੇ ਵਿਚਾਰ ਲਿਖੋ। 3

(iii) 'ਰੁੱਖਾਂ ਬਾਝੋਂ ਧਰਤੀ .......' ਕਵਿਤਾ ਕਿਸ ਦੀ ਰਚਨਾ ਹੈ ? 1



downloaded from StudentSuvidha.com

All NOTES and PAPERS at StudentSuvidha.com

**10.** (i) ਘਾਹ ਦੇ ਮੈਦਾਨ ਵਿਚ ਲੇਖਕ ਨੂੰ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ? 3

(ii) ਬੱਚੇ ਦੇ ਹੱਥ ਤੋੜਨ ਦਾ ਕੀ ਕਾਰਨ ਸੀ ? 3

(iii) ਮੁੰਡ੍ਹੀਰ ਤੋਂ ਕੀ ਭਾਵ ਹੈ ਤੇ ਇਹ ਕਿੱਥੇ ਜਾਣ ਲਈ ਰੇਸ ਲਾਉਂਦੀ ਹੈ ? 2

(iv) 'ਕੰਪਿਊਟਰ ਸ਼ਾਫ਼ਟਵੇਅਰਾਂ ਦੀ ਵਰਤੋਂ' ਲੇਖ ਦੇ ਲੇਖਕ ਦਾ ਨਾਮ ਲਿਖੋ। 1

**11.** (i) 'ਈਅਰ ਫ਼ੋਨ' ਕਹਾਣੀ ਵਿਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ ? ਇਸ ਬਾਰੇ ਵਿਸਥਾਰ ਸਹਿਤ ਲਿਖੋ। 3

(ii) ਵੰਦਨਾ ਅਤੇ ਅਰਚਨਾ ਦੀ ਫੁੱਲ ਬੂਟਿਆਂ ਨਾਲ ਕਿਹੋ ਜਿਹੀ ਸਾਂਝ ਹੈ ? ਬਿਆਨ ਕਰੋ। 3

(iii) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ ? 2

(iv) ਬੁੱਢੀ ਅੰਮਾਂ ਨੇ ਰੋਹਿਤ ਨੂੰ ਕੀ ਲੈ ਕੇ ਦਿੱਤਾ ? 1

**12.** (i) 'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਲਿਖੋ। 5

**ਜਾਂ**

'ਮੈਂ ਹਰ ਪਾਸਿਉ ਲੁੱਟਿਆ ਗਿਆ। ਓਇ, ਮੈਂ ਕੀ ਕਰਾਂ,' ਇਹ ਕੌਣ ਤੇ ਕਿਉਂ ਬੋਲਦਾ ਹੈ ? ਉੱਤਰ **100** ਸ਼ਬਦਾਂ ਵਿਚ ਲਿਖੋ।

(ii) ਭੇਸ ਵਟਾ ਕੇ ਲੋਕਾਂ ਵਿਚ ਕੌਣ ਜਾਂਦੇ ਹਨ ਅਤੇ ਕਿਉਂ ? 3

(iii) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਕਿਸ ਦੀ ਰਚਨਾ ਹੈ ? 1

(iv) ਗਿਰਝ ਕਿਸ ਦੇ ਸਾਥੀ ਨੂੰ ਖਾ ਗਈ ? 1



downloaded from StudentSuvidha.com

all NOTES and PAPERS at StudentSuvidha.com

**13.** (i) ਤੁਹਾਨੂੰ ਬੀਬੀ ਭਾਨੀ ਦੀਆਂ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ਹੈ? ਵਿਸਥਾਰ ਨਾਲ ਲਿਖੋ। 3

(ii) ਦੇਸ਼ ਦੀ ਤਰੱਕੀ ਲਈ ਡਾ० ਕਲਾਮ ਨੇ ਕਿੰਨਾਂ ਚੀਜ਼ਾਂ ਨੂੰ ਜ਼ਰੂਰੀ ਦੱਸਿਆ? 3

(iii) ਨਾਵਲਕਾਰ ਨਾਨਕ ਸਿੰਘ ਦੇ ਨਾਵਲਾਂ ਦਾ ਵਿਸ਼ਾ ਕੀ ਹੈ? 2

(iv) ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ 'ਚ ਹਿੱਸਾ ਲਿਆ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਦਸ ਗੁਰੂਆਂ ਨੇ ਕਿਹੜੀ ਜੋਤ ਬਾਲੀ ?

(ੳ) ਨਾਮ ਦੀ

(ਅ) ਸਿੱਖੀ ਦੀ

(ੲ) ਦੀਵੇ ਦੀ

(ਸ) ਦਸਵੰਧ ਦੀ

(ii) 'ਪੰਜਾਬ ਦੇ ਲੋਕ ਗੀਤ' ਲੇਖ ਦਾ ਰਚਨਹਾਰ ਹੈ :

(ੳ) ਪ੍ਰੀਤਮ ਰੂਪਾਲ

(ਅ) ਤੇਜਿੰਦਰ ਕੌਰ

(ੲ) ਸ਼ਾਹ ਹੁਸੈਨ

(ਸ) ਕੇ० ਐਲ० ਗਰਗ



downloaded from StudentSuvidha.com
ES and PAPERS at StudentSuvidha.com

(iii) ਟਾਂਗੇ ਵਿਚ ਸਵਾਰ ਅੱਧਖੜ ਵਿਅਕਤੀ ਕਿੱਥੋਂ ਦਾ ਜੰਮਪਲ ਸੀ ?

(ੳ) ਲਾਹੌਰ ਦਾ

(ਅ) ਜਲੰਧਰ ਦਾ

(ੲ) ਹਰਿਆਣੇ ਦਾ

(ਸ) ਅੰਮ੍ਰਿਤਸਰ ਦਾ

(iv) ਮਿਲਖਾ ਸਿੰਘ ਨੇ ਕਦੋਂ ਦੌੜ ਨੂੰ ਅਲਵਿਦਾ ਕਿਹਾ ?

(ੳ) 1968 ਨੂੰ

(ਅ) 1960 ਨੂੰ

(ੲ) 1952 ਨੂੰ

(ਸ) 1964 ਨੂੰ

downloaded from StudentSuvidha.com



All NOTES and PAPERS at StudentSuvidha.com